# 2017 ਦੀ ਕਲਾਸ:
# ਗ੍ਰੈਜੂਏਸ਼ਨ ਜ਼ਰੂਰਤਾਂ ਦੀ ਜਾਂਚ-ਸੂਚੀ

**ਵਿਦਿਆਰਥੀ ਦਾ ਨਾਮ:** ____________________________________________

ਇਹ ਗ੍ਰੈਜੂਏਸ਼ਨ ਜ਼ਰੂਰਤਾਂ ਦੀ ਜਾਂਚ-ਸੂਚੀ **2017** ਦੀ ਕਲਾਸ ਦੇ ਵਿਦਿਆਰਥੀਆਂ (ਉਹ ਵਿਦਿਆਰਥੀ ਜਿਹੜੇ **2013-14** ਸਕੂਲ ਵਰ੍ਹੇ ਵਿੱਚ **9**ਵੇਂ ਗ੍ਰੇਡ ਵਿੱਚ ਦਾਖ਼ਲ ਹੋਏ) ਲਈ ਹੈ। ਡਿਪਲੋਮਾ ਪ੍ਰਾਪਤ ਕਰਨ ਲਈ, ਵਿਦਿਆਰਥੀ ਲਈ ਇੰਗਲਿਸ਼ ਲੈਂਗਵੇਜ ਆਰਟਸ (ਰੀਡਿੰਗ ਅਤੇ ਰਾਈਟਿੰਗ) ਅਤੇ ਗਣਿਤ ਵਿੱਚ ਸਟੇਟ ਦੀ ਇਮਤਿਹਾਨ ਪਾਸ ਕਰਨੀ ਜ਼ਰੂਰੀ ਹੈ। ਹੋਰ ਜ਼ਰੂਰਤਾਂ ਹੇਠਾਂ ਸੂਚਿਤ ਕੀਤੀਆਂ ਗਈਆਂ ਹਨ। "ਹਾਈ ਸਕੂਲ ਕ੍ਰੈਡਿਟਸ" ਭਾਗ ਸਥਾਨਕ ਜ਼ਰੂਰਤਾਂ ਉੱਤੇ ਨਿਰਭਰ ਕਰਦਾ ਹੈ।

ਉਹ ਵਿਦਿਆਰਥੀ ਜਿਹੜੇ ਗ੍ਰੈਜੂਏਸ਼ਨ ਲਈ ਲੋੜੀਂਦੇ ਨਿਯਮਿਤ ਸਟੇਟ ਮੁਲਾਂਕਣਾਂ ਦੇ ਮਿਆਰ ਪੂਰੇ ਨਹੀਂ ਕਰਦੇ, ਯੋਗਤਾ ਦੇ ਆਧਾਰ 'ਤੇ, ਇਸ ਦਸਤਾਵੇਜ਼ ਦੇ ਪੇਜ **2** ਉੱਤੇ ਦਿੱਤੇ ਗਏ ਰਾਜ-ਪ੍ਰਮਾ-ਇਤ ਵਿਕਲਪਾਂ ਦੀ ਵਰਤੋਂ ਕਰ ਸਕਦੇ ਹਨ।

ਜੇਕਰ ਕੋਈ ਵਿਦਿਆਰਥੀ **ਵਿਸ਼ੇਸ਼ ਸਿੱਖਿਆ** ਸੇਵਾਵਾਂ ਪ੍ਰਾਪਤ ਕਰਦਾ ਹੈ, ਉਸਦੀ ਇੰਡਿਵਿਜੁਲਾਈਜ਼ਡ ਐਜੂਕੇਸ਼ਨ ਪ੍ਰੋਗਰਾਮ (**IEP**) ਟੀਮ ਇਸ ਫੈਸਲੇ ਦਾ ਮਾਰਗ-ਦਰਸ਼ਨ ਕਰਦੀ ਹੈ ਕਿ ਕਿਹੜੇ ਸਟੇਟ ਮੁਲਾਂਕਣ ਜਾਂ ਵਿਕਲਪ ਗ੍ਰੈਜੂਏਸ਼ਨ ਜ਼ਰੂਰਤਾਂ ਪੂਰੀਆਂ ਕਰਨ ਲਈ ਸਹੀ ਹਨ (ਕਿਰਪਾ ਕਰਕੇ "ਸਪੈਸ਼ਲ ਐਜੂਕੇਸ਼ਨ ਐਂਡ ਸਟੇਟ ਟੈਸਟਿੰਗ" ਲਈ **www.k12.wa.us/Resources**) 'ਤੇ ਦੇਖੋ।

ਜੋ ਵਿਦਿਆਰਥੀ ਵਾਸ਼ਿੰਗਟਨ ਪਬਲਿਕ ਸਕੂਲਾਂ ਵਿੱਚ **ਟ੍ਰਾਂਸਫਰ** ਹੁੰਦੇ ਹਨ, ਉਹ ਮੁਲਾਂਕਣ ਗ੍ਰੈਜੂਏਸ਼ਨ ਲੋੜਾਂ ਦੀ ਇੱਕ ਛੋਟ ਲਈ ਅਰਜ਼ੀ ਦੇ ਸਕਦੇ ਹਨ ਜਾਂ, ਆਪਣੀ ਸਥਿਤੀ ਦੇ ਆਧਾਰ 'ਤੇ, ਉਹ ਸਟੇਟ ਮੁਲਾਂਕਣਾਂ ਦੀ ਕੋਸ਼ਿਸ਼ ਕੀਤੇ ਬਿਨਾਂ ਗ੍ਰੈਜੂਏਸ਼ਨ ਵਿਕਲਪਾਂ ਤੱਕ ਪਹੁੰਚ ਲਈ ਪਾਤਰ ਹੋ ਸਕਦੇ ਹਨ।

ਵਧੇਰੇ ਜਾਣਕਾਰੀ ਲਈ ਆਪਣੇ ਸਕੂਲ ਕਾਉਂਸਲਰ ਨਾਲ ਸੰਪਰਕ ਕਰੋ।

## ਹਾਈ ਸਕੂਲ ਕ੍ਰੈਡਟਿਸ:

*ਵਧੇਰੇ ਜਾਣਕਾਰੀ ਲਈ ਦੇਖੋ Washington Administrative Code (WAC) 180-51-067*

| | | |
|---|---|---|
| ਅੰਗਰੇਜ਼ੀ | ਲੋੜੀਂਦੇ _____ | ਪ੍ਰਾਪਤ ਕੀਤੇ _____ |
| ਗਣਤਿ | ਲੋੜੀਂਦੇ _____ | ਪ੍ਰਾਪਤ ਕੀਤੇ _____ |
| ਵਗਿਆਿਨ | ਲੋੜੀਂਦੇ _____ | ਪ੍ਰਾਪਤ ਕੀਤੇ _____ |
| ਸਮਾਜਕਿ ਸਖਿਆਿ | ਲੋੜੀਂਦੇ _____ | ਪ੍ਰਾਪਤ ਕੀਤੇ _____ |
| ਆਰਟਸ | ਲੋੜੀਂਦੇ _____ | ਪ੍ਰਾਪਤ ਕੀਤੇ _____ |
| ਸਹਿਤ ਅਤੇ ਤੰਦਰੁਸਤੀ | ਲੋੜੀਂਦੇ _____ | ਪ੍ਰਾਪਤ ਕੀਤੇ _____ |
| ਭਾਸ਼ਾਵਾਂ | ਲੋੜੀਂਦੇ _____ | ਪ੍ਰਾਪਤ ਕੀਤੇ _____ |
| ਆਕੂਪੇਸ਼ਨਲ ਐਜੂਕੇਸ਼ਨ | ਲੋੜੀਂਦੇ _____ | ਪ੍ਰਾਪਤ ਕੀਤੇ _____ |
| ਚੋਣਵੇਂ ਵਸ਼ਿੇ | ਲੋੜੀਂਦੇ _____ | ਪ੍ਰਾਪਤ ਕੀਤੇ _____ |
| ਹੋਰ: ______________________ | | |
| ______________________ | ਲੋੜੀਂਦੇ _____ | ਪ੍ਰਾਪਤ ਕੀਤੇ _____ |

## ਸਟੇਟ ਇਮਤਹਿਾਨ:

*ਵਧੇਰੇ ਜਾਣਕਾਰੀ ਲਈ ਪੇਜ 2 ਦੇਖੋ*

| | |
|---|---|
| ਅੰਗਰੇਜ਼ੀ ਭਾਸ਼ਾ ਕਲਾਵਾਂ | ❑ ਪਾਸ ਕੀਤੇ |
| ਵਿਗਿਆਨ | ❑ ਪਾਸ ਕੀਤੇ |
| ਗਣਿਤ | ❑ ਪਾਸ ਕੀਤੇ |

## ਹਾਈ ਸਕੂਲ ਅਤੇ ਉਸ ਤੋਂ ਬਾਅਦ ਦੀ ਯੋਜਨਾ:

ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਬਾਰੇ ਨਿਯਮਿਤ ਰੂਪ ਵਿੱਚ ਸੋਚਣ ਅਤੇ ਉਸ ਕੋਰਸ ਸਮੱਗਰੀ ਦੀ ਚੋਣ, ਜਿਹੜੀ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਹਾਈ ਸਕੂਲ ਤੋਂ ਬਾਅਦ ਦੇ ਟੀਚਿਆਂ ਲਈ ਵਧੀਆ ਢੰਗ ਨਾਲ ਤਿਆਰ ਕਰੇਗੀ, ਵਿੱਚ ਮਦਦ ਕਰਨ ਲਈ ਮਾਪਿਆਂ/ਸਰਪ੍ਰਸਤਾਂ ਅਤੇ ਸਕੂਲ ਸਟਾਫ਼ ਦੁਆਰਾ ਤਿਆਰ ਕੀਤਾ ਗਿਆ।

❑ ਸੰਪੂਰਨ

# 2017 ਦੀ ਕਲਾਸ ਸਟੇਟ ਦੇ ਟੈਸਟਾਂ ਦੀਆਂ ਲੋੜਾਂ

| ਅੰਗਰੇਜ਼ੀ ਭਾਸ਼ਾ ਕਲਾ | ਵਿਗਿਆਨ | ਗਣਿਤ |
|---|---|---|
| **ਇੰਗਲਿਸ਼ ਲੈਂਗਵੇਜ਼ ਆਰਟਸ (ELA) ਦੀ ਲੋੜ ਹੇਠ ਲਿਖਿਆਂ ਦੁਆਰਾ ਪੂਰੀ ਕੀਤੀ ਗਈ ਹੈ *(ਇਕ ਚੁਣੋ)*:** | **ਵਿਗਿਆਨ ਦੀ ਲੋੜ ਹੇਠ ਲਿਖਿਆਂ ਦੁਆਰਾ ਪੂਰੀ ਕੀਤੀ ਗਈ ਹੈ *(ਇਕ ਚੁਣੋ)*:** | **ਗਣਿਤ ਦੀ ਲੋੜ ਹੇਠ ਲਿਖਿਆਂ ਦੁਆਰਾ ਪੂਰੀ ਕੀਤੀ ਗਈ ਹੈ *(ਇਕ ਚੁਣੋ)*:** |
| ਸਮਾਰਟਰ ਬੈਲੰਸਡ (Smarter Balanced) ELA ਟੈਸਟ ਵਿੱਚ ਘੱਟੋ-ਘੱਟ 2548 ਅੰਕ ਪ੍ਰਾਪਤ ਕਰਨੇ। | ਜੀਵ ਵਿਗਿਆਨ ਐਂਡ-ਆਫ਼-ਕੋਰਸ (EOC) ਇਮਤਿਹਾਨ ਪਾਸ ਕਰਕੇ।* | ਗਣਿਤ ਐਂਡ-ਆਫ਼-ਕੋਰਸ (EOC) ਇਮਤਿਹਾਨ ਜਾਂ EOC ਐਗਜ਼ਿਟ ਇਮਤਿਹਾਨ ਪਾਸ ਕਰਕੇ।*<br>ਸਮਾਰਟਰ ਬੈਲੰਸਡ (Smarter Balanced) ਗਣਿਤ ਟੈਸਟ ਵਿੱਚ ਘੱਟੋ-ਘੱਟ 2595 ਅੰਕ ਪ੍ਰਾਪਤ ਕਰਨੇ। |
| ਸਮਾਰਟਰ ਬੈਲੰਸਡ (Smarter Balanced) ELA ਟੈਸਟ ਵਿੱਚ CIA ਕਟ ਸਕੋਰ (ਪੱਧਰ 2) ਪ੍ਰਾਪਤ ਕਰਨਾ (ਪ੍ਰਤੀ IEP ਟੀਮ, ਵਿਸ਼ੇਸ਼ ਸਿੱਖਿਆ ਦੇ ਵਿਦਿਆਰਥੀਆਂ ਲਈ ਸੀਮਿਤ)।+ | ਜੀਵ ਵਿਗਿਆਨ EOC* ਵਿੱਚ CIA ਕਟ ਸਕੋਰ (ਪੱਧਰ 2) ਪ੍ਰਾਪਤ ਕਰਨਾ (ਪ੍ਰਤੀ IEP ਟੀਮ, ਵਿਸ਼ੇਸ਼ ਸਿੱਖਿਆ ਦੇ ਵਿਦਿਆਰਥੀਆਂ ਲਈ ਸੀਮਿਤ)।+ | ਇੱਕ ਗਣਿਤ EOC ਇਮਤਿਹਾਨ* ਵਿੱਚ CIA ਕਟ ਸਕੋਰ (ਪੱਧਰ 2) ਜਾਂ ਸਮਾਰਟਰ ਬੈਲੰਸਡ ਗਣਿਤ ਟੈਸਟ ਵਿੱਚ CIA ਕਟ ਸਕੋਰ (ਪੱਧਰ 2) ਪ੍ਰਾਪਤ ਕਰਨਾ (ਪ੍ਰਤੀ IEP ਟੀਮ, ਵਿਸ਼ੇਸ਼ ਸਿੱਖਿਆ ਦੇ ਵਿਦਿਆਰਥੀਆਂ ਲਈ ਸੀਮਿਤ)।+ |
| ਵਾਸ਼ਿੰਗਟਨ – ਐਕਸੈੱਸ ਟੂ ਇੰਸਟ੍ਰਕਸ਼ਨ ਐਂਡ ਮੈਜ਼ਰਮੈਂਟ (WA-AIM) (IEP ਟੀਮ ਦੇ ਮੁਤਾਬਕ, ਮਹੱਤਵਪੂਰਨ ਬੌਧਿਕ ਚੁਣੌਤੀਆਂ ਵਾਲੇ ਵਿਦਿਆਰਥੀਆਂ ਲਈ ਸੀਮਿਤ,) ਵਿੱਚ ELA ਪਾਸ ਕਰਨਾ ।+ | ਸਾਇੰਸ ਵਾਸ਼ਿੰਗਟਨ – ਐਕਸੈੱਸ ਟੂ ਇੰਸਟ੍ਰਕਸ਼ਨ ਐਂਡ ਮੈਜ਼ਰਮੈਂਟ (WA-AIM) (IEP ਟੀਮ ਦੇ ਮੁਤਾਬਕ ਮਹੱਤਵਪੂਰਨ ਬੌਧਿਕ ਚੁਣੌਤੀਆਂ ਵਾਲੇ ਵਿਦਿਆਰਥੀਆਂ ਲਈ ਸੀਮਿਤ) ਵਿੱਚ।+ | ਇੱਕ ਗਣਿਤ EOC ਇਮਤਿਹਾਨ* ਵਿੱਚ CIA ਕਟ ਸਕੋਰ (ਪੱਧਰ 2) ਜਾਂ ਸਮਾਰਟਰ ਬੈਲੰਸਡ (Smarter Balanced) ਗਣਿਤ ਟੈਸਟ ਵਿੱਚ CIA ਕਟ ਸਕੋਰ (ਪੱਧਰ 2) ਪ੍ਰਾਪਤ ਕਰਨਾ (ਪ੍ਰਤੀ IEP ਟੀਮ, ਵਿਸ਼ੇਸ਼ ਸਿੱਖਿਆ ਦੇ ਵਿਦਿਆਰਥੀਆਂ ਲਈ ਸੀਮਿਤ)।+ |
| GPA ਤੁਲਨਾ ਵਿਕਲਪ ਦੀ ਵਰਤੋਂ ਕਰਕੇ।++ | GPA ਤੁਲਨਾ ਵਿਕਲਪ ਦੀ ਵਰਤੋਂ ਕਰਕੇ।++ | GPA ਤੁਲਨਾ ਵਿਕਲਪ ਦੀ ਵਰਤੋਂ ਕਰਕੇ।++ |
| ਕਿਸੇ ਇੱਕ AP ਇਮਤਿਹਾਨ ਵਿੱਚ 3 ਜਾਂ ਵੱਧ ਸਕੋਰ, ਜਾਂ ELA ਲਈ ਮਨਜ਼ੂਰ ਇੱਕ IB ਇਮਤਿਹਾਨ ਵਿੱਚ 4 ਜਾਂ ਵੱਧ ਸਕੋਰ ਪ੍ਰਾਪਤ ਕਰਕੇ।++ | ਕਿਸੇ ਇੱਕ AP ਇਮਤਿਹਾਨ ਵਿੱਚ 3 ਜਾਂ ਵੱਧ ਸਕੋਰ, ਜਾਂ ਵਿਗਿਆਨ ਲਈ ਮਨਜ਼ੂਰ ਇੱਕ IB ਇਮਤਿਹਾਨ ਵਿੱਚ 4 ਜਾਂ ਵੱਧ ਸਕੋਰ ਪ੍ਰਾਪਤ ਕਰਕੇ।++ | ਕਿਸੇ ਇੱਕ AP ਇਮਤਿਹਾਨ ਵਿੱਚ 3 ਜਾਂ ਵੱਧ ਸਕੋਰ, ਜਾਂ ਗਣਿਤ ਲਈ ਮਨਜ਼ੂਰ ਇੱਕ IB ਇਮਤਿਹਾਨ ਵਿੱਚ 4 ਜਾਂ ਵੱਧ ਸਕੋਰ ਪ੍ਰਾਪਤ ਕਰਨਾ।++ |
| SAT ਜਾਂ ACT ਪਲੱਸ ਰਾਈਟਿੰਗ ਵਿੱਚ ਲੋੜੀਂਦੇ ਉੱਚੇ ਸਕੋਰ ਪ੍ਰਾਪਤ ਕਰਨਾ।++ | ACT ਵਿੱਚ ਲੋੜੀਂਦੇ ਉੱਚੇ ਸਕੋਰ ਪ੍ਰਾਪਤ ਕਰਨਾ।++ | SAT ਜਾਂ ACT ਵਿੱਚ ਲੋੜੀਂਦੇ ਉੱਚੇ ਸਕੋਰ ਪ੍ਰਾਪਤ ਕਰਨਾ।++ |
| ELA ਕਲੈਕਸ਼ਨ ਆਫ਼ ਐਵੀਡੈਂਸ (COE) ਪਾਸ ਕਰਨਾ।++ | ਬਾਇਓਲੋਜੀ ਕਲੈਕਸ਼ਨ ਆਫ਼ ਐਵੀਡੈਂਸ (COE) ਪਾਸ ਕਰਨਾ।++ | ਮੈਥ ਕਲੈਕਸ਼ਨ ਆਫ਼ ਐਵੀਡੈਂਸ (COE) ਪਾਸ ਕਰਨਾ।++ |
| ELA ਵਿੱਚ ਆਫ-ਗ੍ਰੇਡ ਪੱਧਰ ਦਾ ਮੁਲਾਂਕਣ ਪਾਸ ਕਰਕੇ (ਪ੍ਰਤੀ IEP ਟੀਮ, 11ਵੇਂ ਅਤੇ 12ਵੇਂ ਗ੍ਰੇਡ ਵਿੱਚ ਵਿਸ਼ੇਸ਼ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਲਈ ਸੀਮਿਤ)।+ | ਵਿਗਿਆਨ ਵਿੱਚ ਆਫ-ਗ੍ਰੇਡ ਪੱਧਰ ਦਾ ਮੁਲਾਂਕਣ ਪਾਸ ਕਰਕੇ (ਪ੍ਰਤੀ IEP ਟੀਮ, 11ਵੇਂ ਅਤੇ 12ਵੇਂ ਗ੍ਰੇਡ ਵਿੱਚ ਵਿਸ਼ੇਸ਼ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਲਈ ਸੀਮਿਤ)।+ | ਗਣਿਤ ਵਿੱਚ ਆਫ-ਗ੍ਰੇਡ ਪੱਧਰ ਦਾ ਮੁਲਾਂਕਣ ਪਾਸ ਕਰਕੇ (ਪ੍ਰਤੀ IEP ਟੀਮ, 11ਵੇਂ ਅਤੇ 12ਵੇਂ ਗ੍ਰੇਡ ਵਿੱਚ ਵਿਸ਼ੇਸ਼ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਲਈ ਸੀਮਿਤ)।+ |
| ELA ਵਿੱਚ ਲੋਕਲੀ ਡਿਟਰਮਾਈਨਡ ਅਸੈੱਸਮੈਂਟ (LDA) ਪਾਸ ਕਰਨਾ (IEP ਟੀਮ ਦੇ ਮੁਤਾਬਕ, ਵਿਸ਼ੇਸ਼ ਸਿੱਖਿਆ ਪ੍ਰਾਪਤ ਕਰ ਰਹੇ 12ਵੇਂ ਗ੍ਰੇਡ ਵਾਲਿਆਂ ਲਈ ਸੀਮਿਤ)।+ | ਪ੍ਰਤੀ IEP ਟੀਮ, ਲੋਕਲੀ ਡਿਟਰਮਾਈਨਡ ਅਸੈਸਮੈਂਟ ਪਾਸ ਕਰਕੇ ਵਿਗਿਆਨ ਵਿੱਚ (LDA) (ਵਿਸ਼ੇਸ਼ ਸਿੱਖਿਆ ਪ੍ਰਾਪਤ ਕਰ ਰਹੇ 12ਵੇਂ ਗ੍ਰੇਡ ਵਾਲਿਆਂ ਲਈ)।+ | ਲੋਕਲੀ ਡਿਟਰਮਾਈਨਡ ਅਸੈਸਮੈਂਟ ਪਾਸ ਕਰਕੇ ਪ੍ਰਤੀ IEP ਟੀਮ, ਮੈਥ ਵਿੱਚ (LDA) (ਵਿਸ਼ੇਸ਼ ਸਿੱਖਿਆ ਪ੍ਰਾਪਤ ਕਰ ਰਹੇ 12ਵੇਂ ਗ੍ਰੇਡ ਵਾਲਿਆਂ ਲਈ)।+ |
| **ਵਾਸ਼ਿੰਗਟਨ ਸਟੇਟ ELA ਟੈਸਟ ਨੂੰ ਪਾਸ ਕੀਤੇ ਬਿਨਾਂ ਡਿਪਲੋਮਾ ਕਰ ਰਹੇ ਵਿਦਿਆਰਥੀਆਂ ਲਈ, ਇਸ ਲੋੜ ਨੂੰ ਹੇਠਾਂ ਦਿੱਤੇ ਦੁਆਰਾ ਛੋਟ ਦਿੱਤੀ ਗਈ ਹੈ *(ਇਕ ਚੁਣੋ)*:** | **ਵਾਸ਼ਿੰਗਟਨ ਸਟੇਟ ਸਾਇੰਸ ਟੈਸਟ ਨੂੰ ਪਾਸ ਕੀਤੇ ਬਿਨਾਂ ਡਿਪਲੋਮਾ ਕਰ ਰਹੇ ਵਿਦਿਆਰਥੀਆਂ ਲਈ, ਇਸ ਲੋੜ ਨੂੰ ਹੇਠਾਂ ਦਿੱਤੇ ਦੁਆਰਾ ਛੋਟ ਦਿੱਤੀ ਗਈ ਹੈ *(ਇਕ ਚੁਣੋ)*:** | **ਵਾਸ਼ਿੰਗਟਨ ਸਟੇਟ ਮੈਥ ਟੈਸਟ ਨੂੰ ਪਾਸ ਕੀਤੇ ਬਿਨਾਂ ਡਿਪਲੋਮਾ ਕਰ ਰਹੇ ਵਿਦਿਆਰਥੀਆਂ ਲਈ, ਇਸ ਲੋੜ ਨੂੰ ਹੇਠਾਂ ਦਿੱਤੇ ਦੁਆਰਾ ਛੋਟ ਦਿੱਤੀ ਗਈ ਹੈ *(ਇਕ ਚੁਣੋ)*:** |
| ਕਿਸੇ ਹੋਰ ਸਟੇਟ ਵਿੱਚ OSPI ਮਨਜ਼ੂਰਸ਼ੁਦਾ ਹਾਈ ਸਕੂਲ ELA ਟੈਸਟ ਪਾਸ ਕਰਕੇ।# | ਕਿਸੇ ਹੋਰ ਸਟੇਟ ਵਿੱਚ OSPI ਮਨਜ਼ੂਰਸ਼ੁਦਾ ਹਾਈ ਸਕੂਲ ਸਾਇੰਸ ਟੈਸਟ ਪਾਸ ਕਰਕੇ।# | ਕਿਸੇ ਹੋਰ ਸਟੇਟ ਵਿੱਚ OSPI ਮਨਜ਼ੂਰਸ਼ੁਦਾ ਹਾਈ ਸਕੂਲ ਮੈਥ ਟੈਸਟ ਪਾਸ ਕਰਕੇ।# |
| ਕਿਸੇ ਵਿਸ਼ੇਸ਼ ਹਾਲਾਤ ਦੇ ਕਾਰਨ ਸਟੇਟ ਨੂੰ ELA ਮੁਲਾਂਕਣ ਜ਼ਰੂਰਤ ਬਾਰੇ ਅਪੀਲ ਕਰਕੇ।## | ਕਿਸੇ ਵਿਸ਼ੇਸ਼ ਹਾਲਾਤ ਦੇ ਕਾਰਨ ਸਟੇਟ ਨੂੰ ਸਾਇੰਸ ਮੁਲਾਂਕਣ ਜ਼ਰੂਰਤ ਬਾਰੇ ਅਪੀਲ ਕਰਕੇ।## | ਕਿਸੇ ਵਿਸ਼ੇਸ਼ ਹਾਲਾਤ ਦੇ ਕਾਰਨ ਸਟੇਟ ਨੂੰ ਮੈਥ ਮੁਲਾਂਕਣ ਜ਼ਰੂਰਤ ਬਾਰੇ ਅਪੀਲ ਕਰਕੇ।## |

* *ਮੈਥ EOC ਐਗਜ਼ਿਟ ਇਮਤਿਹਾਨ ਅਪਡੇਟ ਕੀਤੇ ਗਏ ਵਾਸ਼ਿੰਗਟਨ ਸਟੇਟ ਲਰਨਿੰਗ ਸਟੈਂਡਰਡਜ਼ 'ਤੇ ਅਧਾਰਤ ਹਨ। ਬਾਇਓਲੋਜੀ EOC ਐਗਜ਼ਿਟ ਇਮਤਿਹਾਨ ਵਿਗਿਆਨ ਲਈ ਪਿਛਲੇ ਵਾਸ਼ਿੰਗਟਨ ਸਟੇਟ ਲਰਨਿੰਗ ਸਟੈਂਡਰਡਜ਼ 'ਤੇ ਅਧਾਰਤ ਹਨ।*

** *ਸਰਟੀਫਿਕੇਟ ਆਫ਼ ਇੰਡਿਵੀਜੁਅਲ ਅਚੀਵਮੈਂਟ (CIA) ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਲਈ ਲੋੜੀਂਦੇ ਸਕੋਰ ਅਗਸਤ 2015 ਤੱਕ ਨਿਰਧਾਰਿਤ ਨਹੀਂ ਕੀਤੇ ਗਏ। ਸਕੋਰਾਂ ਦਾ ਐਲਾਨ ਨਵੰਬਰ 2015 ਤੱਕ ਕੀਤਾ ਜਾਵੇਗਾ।*

\+ *ਇਸ ਬਾਰੇ ਫੈਸਲਾ ਕਿ ਕੋਈ ਯੋਗ ਵਿਦਿਆਰਥੀ ਕਿਵੇਂ ਰਾਜ ਭਰ ਵਿੱਚ ਫੈਲੇ ਮੁਲਾਂਕਣ ਵਿੱਚ ਭਾਗ ਲੈਂਦਾ ਹੈ ਇਹ* ***ਇੰਡਿਵਿਜੁਲਾਈਜ਼ਡ ਐਜੂਕੇਸ਼ਨ ਪ੍ਰੋਗਰਾਮ (IEP) ਦੀ ਟੀਮ ਦਾ ਫੈਸਲਾ ਹੁੰਦਾ ਹੈ****, ਪ੍ਰਸ਼ਾਸਨਿਕ ਫੈਸਲਾ ਨਹੀਂ।*

\++ *ਜਦ ਤੱਕ ਕਿ 11ਵੇਂ ਜਾਂ 12ਵੇਂ ਗ੍ਰੇਡ ਵਿੱਚ ਕੋਈ ਵਿਦਿਆਰਥੀ ਵਾਸ਼ਿੰਗਟਨ ਪਬਲਿਕ ਸਕੂਲਾਂ ਵਿੱਚ ਤਬਦੀਲ ਨਹੀਂ ਹੁੰਦਾ, ਉਸ ਲਈ ਹਰੇਕ ਵਿਸ਼ਾ ਖੇਤਰ ਵਿੱਚ ਵਿਕਲਪਾਂ ਲਈ ਯੋਗ ਹੋਣ ਤੋਂ ਪਹਿਲਾਂ ਇੱਕ ਵਾਰ ਸਟੇਟ ਮੁਲਾਂਕਣ ਵਿੱਚ ਭਾਗ ਲੈਣਾ ਲਾਜ਼ਮੀ ਹੈ (www.k12.wa.us/assessment/GraduationAlternatives)।*

\# *ਜ਼ਰੂਰੀ ਹੈ ਕਿ ਕਿਸੇ ਹੋਰ ਰਾਜ ਜਾਂ ਕਿਸੇ ਪ੍ਰਾਈਵੇਟ ਸਕੂਲ ਤੋਂ ਵਾਸ਼ਿੰਗਟਨ ਦੇ ਪਬਲਿਕ ਸਕੂਲ ਵਿੱਚ ਟ੍ਰਾਂਸਫਰ ਹੋਇਆ ਹੋਵੇ।*

\## *ਲਾਜ਼ਮੀ ਤੌਰ 'ਤੇ 12ਵੇਂ ਗ੍ਰੇਡ ਦਾ ਵਿਦਿਆਰਥੀ ਹੋਵੇ ਅਤੇ ਅਰਜ਼ੀ ਦੇਣ ਲਈ* ***ਵਾਸ਼ਿੰਗਟਨ ਐਡਮਿਨਿਸਟ੍ਰੇਟਿਵ ਕੋਡ (WAC) 392-501-601*** *ਵਿੱਚ ਦਿੱਤੀਆਂ ਗਈਆਂ* ***ਬਹੁਤ*** *ਸੀਮਿਤ ਸ਼ਰਤਾਂ ਪੂਰੀਆਂ ਕਰਦਾ ਹੋਵੇ।*

# 2017 ਦੀ ਕਲਾਸ ਸਟੇਟ ਦੇ ਟੈਸਟਾਂ ਦੀਆਂ ਲੋੜਾਂ
## ਆਮ ਤੌਰ ’ਤੇ ਪੁੱਛੇ ਜਾਣ ਵਾਲੇ ਪ੍ਰਸ਼ਨ

ਹਾਈ ਸਕੂਲ ਡਿਪਲੋਮਾ ਪ੍ਰਾਪਤ ਕਰਨ ਲਈ ਵਿਦਿਆਰਥੀਆਂ ਲਈ ਕਈ ਸਟੇਟ ਅਤੇ ਸਥਾਨਕ ਗ੍ਰੈਜੂਏਸ਼ਨ ਜ਼ਰੂਰਤਾਂ ਪੂਰੀਆਂ ਕਰਨਾ ਜ਼ਰੂਰੀ ਹੈ। **ਇਸ ਦਸਤਾਵੇਜ਼ ਦੇ ਪੇਜ 1 ਵਿੱਚ ਟੈਸਟਿੰਗ ਮੁਲਾਂਕਣਾ ਦੀ ਜਾਂਚ-ਸੂਚੀ ਸ਼ਾਮਲ ਹੈ। ਪੇਜ 2 ਇਨ੍ਹਾਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਪਲਬਧ ਵਿਕਲਪਾਂ ਦੀ ਪਹਿਚਾਣ ਕਰਦਾ ਹੈ।**

ਹੇਠਾਂ ਸਟੇਟ ਇਮਤਿਹਾਨਾਂ ਬਾਰੇ ਆਮ ਤੌਰ ’ਤੇ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੇ ਜਵਾਬ ਦਿੱਤੇ ਗਏ ਹਨ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਕੂਲ ਦੇ ਕਾਊਂਸਲਰ ਨਾਲ ਸੰਪਰਕ ਕਰੋ ਜਾਂ ਦੇਖੋ www.k12.wa.us/GraduationRequirements।

### 2017 ਦੀ ਕਲਾਸ ਲਈ ਸਟੇਟ ਹਾਈ ਸਕੂਲ ਟੈਸਟਿੰਗ ਗ੍ਰੈਜੂਏਸ਼ਨ ਜ਼ਰੂਰਤ ਕਿਹੜੀ ਹੈ?

ਗ੍ਰੈਜੂਏਸ਼ਨ ਦੇ ਯੋਗ ਹੋਣ ਲਈ ਵਿਦਿਆਰਥੀਆਂ ਲਈ ਇੰਗਲਿਸ਼ ਲੈਂਗਵੇਜ਼ ਆਰਟਸ (ELA) ਅਤੇ ਗਣਿਤ ਦੇ ਮਿਆਰ ਪ੍ਰਾਪਤ ਕਰਨਾ ਜ਼ਰੂਰੀ ਹੈ। ਟੈਸਟਾਂ ਅਤੇ ਵਿਕਲਪਾਂ ਲਈ ਇਸ ਦਸਤਾਵੇਜ਼ ਦਾ ਪੇਜ 2 ਦੇਖੋ।

### ਜੇਕਰ ਸਟੇਟ ਟੈਸਟ ਸਹੀ ਨਾ ਹੋਣ, ਕੀ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਯੋਗ ਵਿਦਿਆਰਥੀਆਂ ਲਈ ਵਿਕਲਪ ਮੌਜੂਦ ਹਨ?

ਇੰਡਿਵਿਜੁਲਾਈਜ਼ਡ ਐਜੂਕੇਸ਼ਨ ਪ੍ਰੋਗਰਾਮ (IEP) ਟੀਮਾਂ ਨਿਰਧਾਰਿਤ ਕਰਦੀਆਂ ਹਨ ਕਿ ਵਿਸ਼ੇਸ਼ ਸਿੱਖਿਆ ਸੇਵਾਵਾਂ ਪ੍ਰਾਪਤ ਕਰ ਰਹੇ ਵਿਦਿਆਰਥੀ ਮੁਲਾਂਕਣ ਗ੍ਰੈਜੂਏਸ਼ਨ ਜ਼ਰੂਰਤਾਂ ਪੂਰੀਆਂ ਕਰਨ ਲਈ ਕਿਹੜੇ ਮਾਣਤਾ ਪ੍ਰਾਪਤ ਵਿਕਲਪਾਂ ਦੀ ਵਰਤੋਂ ਕਰ ਸਕਦੇ ਹਨ।

ਡਿਸਟ੍ਰਿਕਟਸ ਕੋਲ ਕਾਰਜ-ਪ੍ਰਣਾਲੀਆਂ ਮੌਜੂਦ ਹੁੰਦੀਆਂ ਹਨ ਜਿਹੜੀਆਂ ਵਿਸ਼ੇਸ਼ ਸਿੱਖਿਆ ਲਈ ਯੋਗ ਵਿਦਿਆਰਥੀਆਂ ਨੂੰ ਕੋਰਸ ਜਾਂ ਕ੍ਰੈਡਿਟ ਜ਼ਰੂਰਤਾਂ ਤੋਂ ਮੁਆਫ਼ੀ ਦੀ ਇਜਾਜ਼ਤ ਦੇਂਦੀਆਂ ਹਨ ਜਦੋਂ ਕੋਰਸ ਜਾਂ ਕ੍ਰੈਡਿਟ ਜ਼ਰੂਰਤਾਂ ਦੀ ਪੂਰਤੀ ਕਰਨ ਵਿੱਚ ਨਾਕਾਮਯਾਬੀ ਅਤੇ ਵਿਦਿਆਰਥੀ ਦੀ ਅਯੋਗਤਾ ਦਾ ਸਿੱਧਾ ਆਪਸੀ ਸੰਬੰਧ ਹੁੰਦਾ ਹੈ (ਦੇਖੋ WAC 180-51-115)।

### ਬਸੰਤ ਰੁੱਤ ਹਾਈ ਸਕੂਲ ਟੈਸਟਾਂ ਦੇ ਨਤੀਜੇ ਕਦੋਂ ਵਾਪਸ ਭੇਜੇ ਜਾਂਦੇ ਹਨ?

- **ਸਮਾਰਟਰ ਬੈਲੰਸਡ** (Smarter Balanced): ਵਿਦਿਆਰਥੀ ਦੇ ਟੈਸਟ ਪੂਰਾ ਕਰਨ ਤੋਂ ਕੁਝ ਹਫ਼ਤਿਆਂ ਦੇ ਅੰਦਰ
- **EOC (ਈ ਓ ਸੀ)**: ਅਗਸਤ
- **WA-AIM**: ਜੁਲਾਈ

### ਮੈਂ ਕਿਸੇ ਸਟੇਟ ਇਮਤਿਹਾਨ ਵਿੱਚ ਜਿਹੜਾ ਮੈਂ ਪਾਸ ਨਹੀਂ ਕੀਤਾ, ਦੁਬਾਰਾ ਕਦੋਂ ਸ਼ਾਮਲ ਹੋ ਸਕਦਾ/ਸਕਦੀ ਹਾਂ?

- **ਸਮਾਰਟਰ ਬੈਲੰਸਡ** (Smarter Balanced): ਨਵੰਬਰ ਅਤੇ ਮਾਰਚ-ਜੂਨ
- **EOC (ਈ ਓ ਸੀ)**: ਜਨਵਰੀ-ਫ਼ਰਵਰੀ ਅਤੇ ਮਈ-ਜੂਨ
- **WA-AIM**: ਸਤੰਬਰ-ਨਵੰਬਰ ਅਤੇ ਅਕਤੂਬਰ-ਅਪਰੈਲ

ਮੁਲਾਂਕਣ ਗ੍ਰੈਜੂਏਸ਼ਨ ਵਿਕਲਪਾਂ ਵਜੋਂ ਹੋਰ ਟੈਸਟਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ, ਜਿਵੇਂ SAT, ACT, AP, ਅਤੇ IB, ਕੋਲ ਇਹ ਟੈਸਟ ਉਪਲਬਧ ਕਰਵਾਉਣ ਵਾਲੀਆਂ ਸੰਸਥਾਵਾਂ ਦੁਆਰਾ ਨਿਰਧਾਰਿਤ ਸਮਾਂ ਸਾਰਣੀਆਂ ਹੁੰਦੀਆਂ ਹਨ। ਇਨ੍ਹਾਂ ਟੈਸਟਿੰਗ ਸਾਰਣੀਆਂ ਬਾਰੇ ਸਟੇਟ ਕੋਲ ਕੋਈ ਜਾਣਕਾਰੀ ਨਹੀਂ।

### ਕੀ ਹੁੰਦਾ ਹੈ ਜੇਕਰ ਮੈਂ ਆਪਣੀਆਂ ਸਾਰੀਆਂ ਮੁਲਾਂਕਣ ਗ੍ਰੈਜੂਏਸ਼ਨ ਜ਼ਰੂਰਤਾਂ ਦੀ ਪੂਰਤੀ ਨਹੀਂ ਕੀਤੀ, ਪਰ ਆਪਣੀਆਂ ਹੋਰ ਸਾਰੀਆਂ ਜ਼ਰੂਰਤਾਂ ਕਰ ਲਈਆਂ ਹਨ?

ਤੁਹਾਨੂੰ ਡਿਪਲੋਮਾ ਪ੍ਰਾਪਤ ਨਹੀਂ ਹੋਵੇਗਾ। ਸਟੇਟ ਟੈਸਟ ਜਾਂ ਵਿਕਲਪ ਪਾਸ ਕਰਨਾ ਗ੍ਰੈਜੂਏਸ਼ਨ ਦੀ ਜ਼ਰੂਰਤ ਹੈ, ਜਦ ਤੱਕ ਕਿ ਬਹੁਤ ਸੀਮਿਤ ਸ਼ਰਤਾਂ ਦੇ ਅਧੀਨ ਮਾਫ਼ ਨਾ ਕੀਤਾ ਹੋਵੇ (ਵਧੇਰੇ ਜਾਣਕਾਰੀ ਲਈ ਆਪਣੇ ਸਕੂਲ ਕਾਊਂਸਲਰ ਨਾਲ ਸੰਪਰਕ ਕਰੋ)।

### ਜੇਕਰ ਮੈਂ ਆਪਣੇ ਸਾਰੇ ਸਟੇਟ ਇਮਤਿਹਾਨ ਜਾਂ ਲੋੜੀਂਦੀਆਂ ਕਲਾਸਾਂ ਪਾਸ ਨਹੀਂ ਕੀਤੀਆਂ, ਕੀ ਤਾਂ ਵੀ ਮੈਂ ਗ੍ਰੈਜੂਏਸ਼ਨ ਵਿੱਚ ਆਪਣੀ ਕਲਾਸ ਵਿੱਚ ਸ਼ਾਮਲ ਹੋ ਸਕਦਾ/ਸਕਦੀ ਹਾਂ?

ਸਥਾਨਕ ਸਕੂਲ ਡਿਸਟ੍ਰਿਕਟਸ ਕੋਲ ਗ੍ਰੈਜੂਏਸ਼ਨ ਸਮਾਰੋਹਾਂ ਵਿੱਚ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਲਈ ਨੀਤੀਆਂ ਹੁੰਦੀਆਂ ਹਨ।

### ਕੀ ਮੈਂ ਮੁਲਾਂਕਣ ਵਿਕਲਪਾਂ ਵਿੱਚੋਂ ਇੱਕ ਵਿੱਚ ਸ਼ਾਮਲ ਹੋ ਸਕਦਾ/ਸਕਦੀ ਹਾਂ, ਜਿਵੇਂ ਕਿ ਸਬੂਤ ਦਾ ਸੰਗ੍ਰਹਿ ਜਾਂ SAT, ਬਜਾਏ ਕਿ ਸਟੇਟ ਇਮਤਿਹਾਨ ਵਿੱਚ ਸ਼ਾਮਲ ਹੋਣਾ?

ਸਟੇਟ ਇਮਤਿਹਾਨਾਂ ਤੋਂ ਬਜਾਇ ਨਹੀਂ, ਪਰ ਇੱਕ ਵਾਧੂ ਮੌਕੇ ਵਜੋਂ ਸ਼ਾਮਲ ਹੋ ਸਕਦੇ ਹੋ ਜੇਕਰ ਤੁਸੀਂ ਸਟੇਟ ਇਮਤਿਹਾਨਾਂ ਵਿੱਚ *ਸਫ਼ਲ ਨਹੀਂ ਹੋਏ*। ਵਿਦਿਆਰਥੀਆਂ ਨੂੰ ਸਟੇਟ-ਪ੍ਰਮਾਣਿਤ ਵਿਕਲਪਾਂ ਤੱਕ ਪਹੁੰਚ ਕਰਨ ਤੋਂ ਪਹਿਲਾਂ ਘੱਟੋ-ਘੱਟ ਇੱਕ ਵਾਰ ਹਰੇਕ ਸਟੇਟ ਇਮਤਿਹਾਨ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।

ਭਾਵੇਂ ਕਿ, ਜੇਕਰ ਕੋਈ ਵਿਦਿਆਰਥੀ 11ਵੇਂ ਜਾਂ 12ਵੇਂ ਗ੍ਰੇਡ ਵਿੱਚ ਵਾਸ਼ਿੰਗਟਨ ਪਬਲਿਕ ਸਕੂਲਾਂ ਵਿੱਚ ਤਬਦੀਲ ਹੁੰਦਾ/ਹੁੰਦੀ ਹੈ, ਹੋਰ ਮਾਪਦੰਡ ਵਿਦਿਆਰਥੀਆਂ ਨੂੰ ਪਹਿਲਾਂ ਸਟੇਟ ਮੁਲਾਂਕਣ ਵਿੱਚ ਸ਼ਾਮਲ ਹੋਣ ਤੋਂ ਬਗੈਰ ਗ੍ਰੈਜੂਏਸ਼ਨ ਵਿਕਲਪਾਂ ਤੱਕ ਪਹੁੰਚ ਕਰਨ ਦੀ ਇਜਾਜ਼ਤ ਦੇ ਸਕਦੇ ਹਨ।

### ਗ੍ਰੈਜੂਏਟ ਹੋਣ ਲਈ ਮੈਨੂੰ ਕਿੰਨੇ ਕ੍ਰੈਡਿਟਸ ਦੀ ਲੋੜ ਹੈ?

ਸਟੇਟ ਨੂੰ ਘੱਟੋ-ਘੱਟ 20 ਕ੍ਰੈਡਿਟਸ ਦੀ ਲੋੜ ਹੁੰਦੀ ਹੈ, (WAC 180-51-067 ਦੇਖੋ), ਜਿਆਦਾਤਰ ਸਕੂਲ ਡਿਸਟ੍ਰਿਕਟਸ ਨੂੰ ਵਧੇਰੇ ਕ੍ਰੈਡਿਟਸ ਦੀ ਲੋੜ ਹੁੰਦੀ ਹੈ। ***ਗ੍ਰੈਜੂਏਸ਼ਨ ਲਈ ਤੁਹਾਡੇ ਲਈ ਆਪਣੀਆਂ ਸਥਾਨਕ ਡਿਸਟ੍ਰਿਕਟ ਜ਼ਰੂਰਤਾਂ ਪੂਰੀਆਂ ਕਰਨਾ ਜ਼ਰੂਰੀ ਹੈ।*** ਆਪਣੀਆਂ ਸਪੱਸ਼ਟ ਗ੍ਰੈਜੂਏਸ਼ਨ ਜ਼ਰੂਰਤਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਕਿਰਪਾ ਕਰਕੇ ਆਪਣੇ ਸਕੂਲ ਨਾਲ ਸੰਪਰਕ ਕਰੋ।

### ਜੇਕਰ ਮੈਂ ਸਾਰੇ ਸਟੇਟ-ਲੋੜੀਂਦੇ ਕ੍ਰੈਡਿਟ ਪਾਸ ਕਰ ਲੈਂਦਾ/ਲੈਂਦੀ ਹਾਂ, ਕੀ ਮੈਂ ਸਟੇਟ ਡਿਪਲੋਮਾ ਪ੍ਰਾਪਤ ਕਰ ਸਕਦਾ/ਸਕਦੀ ਹਾਂ?

ਕੋਈ ਸਟੇਟ ਡਿਪਲੋਮਾ ਨਹੀਂ ਹੁੰਦਾ। ਸਥਾਨਕ ਸਕੂਲ ਡਿਸਟ੍ਰਿਕਟ ਡਿਪਲੋਮੇ ਜਾਰੀ ਕਰਦੇ ਹਨ।

### ਮੇਰੇ ਕੋਲ ਸਮੇਂ ਸਿਰ ਗ੍ਰੈਜੂਏਸ਼ਨ ਦੀ ਪ੍ਰਾਪਤੀ ਨਾ ਹੋਣ ’ਤੇ ਕਿਹੜੇ ਵਿਕਲਪ ਹਨ?

- **ਆਪਣੇ ਹਾਈ ਸਕੂਲ ਵਿੱਚ ਮੌਜੂਦ ਰਹੋ।** K–12 ਪਬਲਿਕ ਸਿੱਖਿਆ 21 ਸਾਲ ਦੀ ਉਮਰ ਤੱਕ ਮੁਫ਼ਤ ਹੈ।
- **ਕਿਸੇ ਕਮਿਊਨਿਟੀ ਅਤੇ ਟੈਕਨੀਕਲ ਕਾਲਜ ਹਾਈ ਸਕੂਲ ਪੂਰਾ ਕਰਨ ਦੇ ਪ੍ਰੋਗਰਾਮ ਵਿੱਚ ਦਾਖਲ ਹੋਣਾ।** ਇਹ ਪ੍ਰੋਗਰਾਮ ਵਿਸ਼ੇਸ਼ ਰੂਪ ਵਿੱਚ ਮਹਿੰਗੇ ਹੁੰਦੇ ਹਨ ਜੇਕਰ ਤੁਹਾਡੀ ਉਮਰ 16 ਅਤੇ 18 ਦੇ ਵਿਚਕਾਰ ਹੈ। ਜੇਕਰ ਤੁਹਾਡੀ ਉਮਰ 19 ਸਾਲ ਜਾਂ ਵੱਧ ਹੈ, ਕਾਲਜਾਂ ਕੋਲ ਟਿਊਸ਼ਨ ਮਾਫ਼ ਕਰਨ ਦੀ ਚੋਣ ਹੁੰਦੀ ਹੈ। ਜਾਂਚ ਕਰੋ ਕਿ ਉਹ ਕਾਲਜ ਜਿੱਥੇ ਤੁਸੀਂ ਜਾਣਾ ਚਾਹੁੰਦੇ ਹੋ ਹਾਈ ਸਕੂਲ ਕੰਪੀਟੀਸ਼ਨ ਪ੍ਰੋਗਰਾਮ ਦੀ ਪੇਸ਼ਕਸ਼ ਕਰਦਾ ਹੈ।
- **ਹਾਈ ਸਕੂਲ ਡਿਪਲੋਮੇ ਤੋਂ ਬਗੈਰ ਕਿਸੇ ਕਮਿਊਨਿਟੀ ਜਾਂ ਟੈਕਨੀਕਲ ਕਾਲਜ ਵਿੱਚ ਕਾਲਜ ਕੋਰਸ ਸ਼ੁਰੂ ਕਰੋ।**
- **ਹਾਈ ਸਕੂਲ ਇਕੁਵੇਲੰਸੀ ਸਰਟੀਫਿਕੇਟ ਲਈ ਕੋਸ਼ਿਸ਼ ਕਰਨੀ।** ਟੈਸਟਾਂ ਦੀ ਇੱਕ ਲੜੀ ਪਾਸ ਕਰਨ ਤੋਂ ਬਾਦ ਇੱਕ ਸਰਟੀਫਿਕੇਟ ਦੀ ਪ੍ਰਾਪਤੀ ਹੁੰਦੀ ਹੈ। 19 ਸਾਲ ਤੋਂ ਘੱਟ ਉਮਰ ਵਾਲੇ ਵਿਦਿਆਰਥੀਆਂ ਲਈ ਹਾਈ ਸਕੂਲ ਇਕੁਵੇਲੰਸੀ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਆਪਣੇ ਹਾਈ ਸਕੂਲ ਤੋਂ ਇੱਕ ਰਿਲੀਜ਼ ਦੀ ਪ੍ਰਾਪਤੀ ਕਰਨਾ ਜ਼ਰੂਰੀ ਹੈ।